# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

**ਛੇਵੀਂ ਮੰਜਿਲ ਬਲਾਕ-ਈ ਵਿੱਦਿਆ ਭਵਨ ਪੀ.ਐਸ.ਈ.ਬੀ. ਕੰਪਲੈਕਸ ਫੇਜ਼-8, ਐਸ.ਏ.ਐਸ.ਨਗਰ**

**Email : directorscert@punjabeducation.gov.in ਫੋਨ ਨੰ: 0172-2212221**

## ਪਬਲਿਕ ਨੋਟਿਸ

**ਵੇਰਵਿਆਂ ਵਿੱਚ ਸੋਧਾਂ ਅਤੇ ਦੁਪਰਤੀ ਸਰਟੀਫਿਕੇਟਾਂ ਲਈ ਹਦਾਇਤਾਂ**

1. ਸੈਸ਼ਨ 2024-25 ਤੋਂ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ ਵੱਲੋਂ ਪੰਜਵੀਂ ਜਮਾਤ ਦੇ ਮਾਰਚ,ਮਈ ਮੁਲਾਂਕਣ ਦੇ ਵੇਰਵਿਆਂ ਵਿੱਚ ਸੋਧਾਂ ਅਤੇ ਦੁਪਰਤੀ ਸਰਟੀਫਿਕੇਟ ਜਾਰੀ ਕਰਨ ਲਈ ਸੰਬਧਤ ਬਲਾਕ ਪ੍ਰਾਈਮਰੀ ਸਿੱਖਿਆ ਅਫਸਰ ਸਮਰਥ ਅਧਿਕਾਰੀ ਹੋਵੇਗਾ।
2. ਸੈਸ਼ਨ 2024-25 ਤੋਂ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ ਵੱਲੋਂ ਪੰਜਵੀਂ ਜਮਾਤ ਦੇ ਮਾਰਚ,ਮਈ ਮੁਲਾਂਕਣ ਦੇ ਵੇਰਵਿਆਂ ਵਿੱਚ ਸੋਧਾਂ ਕੇਵਲ ਮੁਲਾਂਕਣ ਦੇ ਨਤੀਜੇ ਤੋਂ ਤਿੰਨ ਸਾਲਾਂ ਤੱਕ ਹੀ ਕਰਵਾਈਆਂ ਜਾ ਸਕਦੀਆਂ ਹਨ।
3. ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਦੋ ਭਾਸ਼ੀ ਹਾਰਡ ਸਰਟੀਫਿਕੇਟ ਦਿੱਤਾ ਜਾਵੇਗਾ ਅਤੇ ਗੈਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਈ ਸਰਟੀਫਿਕੇਟ ਦਿੱਤਾ ਜਾਵੇਗਾ।
4. ਸਕੂਲ ਮੁਖੀ(ਜਿਸ ਤੋਂ ਪੰਜਵੀਂ ਜਮਾਤ ਪਾਸ ਕੀਤੀ ਹੈ) **ਜਾਂ** ਗਜ਼ਟਿਡ ਅਫਸਰ ਹੀ ਫਾਰਮ ਅਤੇ ਫੋਟੋ ਤਸਦੀਕ ਕਰ ਸਕਦਾ ਹੈ।
5. **ਹੇਠਲੀ ਜਮਾਤ(ਚੌਥੀ) ਦੇ ਆਧਾਰ ਤੇ ਵੇਰਵਿਆਂ ਦੀ ਸੋਧ ਲਈ ਦਸਤਾਵੇਜ਼:**

   ਜੇਕਰ ਵਿਦਿਆਰਥੀ ਵੱਲੋਂ ਪਾਸ ਕੀਤੀ ਹੇਠਲੀ ਜਮਾਤ(ਚੌਥੀ) ਵਿੱਚ ਦਰਜ ਵੇਰਵਿਆਂ(ਦੋਵੇਂ ਭਾਸ਼ਾਵਾਂ ਵਿੱਚ ਸਹੀ ) ਦੇ ਆਧਾਰ ਤੇ ਸੋਧ ਦੀ ਮੰਗ ਕੀਤੀ ਜਾਂਦੀ ਹੈ ਤਾਂ ਇਸ ਆਧਾਰ ਤੇ ਸਰਟੀਫਿਕੇਟ ਵਿੱਚ ਸੋਧ ਕੀਤੀ ਜਾ ਸਕੇਗੀ,ਇਸ ਲਈ ਹੇਠਲੀ ਜਮਾਤ (ਚੌਥੀ) ਦੇ ਸਹੀ ਵੇਰਵਿਆਂ ਵਾਲੇ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ,ਦਾਖਲਾ ਖਾਰਜ ਰਜਿਸਟਰ ਦੀ ਤਸਦੀਕਸ਼ੁਦਾ ਕਾਪੀ ਅਤੇ ਆਧਾਰ ਕਾਰਡ ਦੀ ਕਾਪੀ ਨੱਥੀ ਕੀਤੀ ਜਾਵੇਗੀ।
6. **ਟਾਈਪੋਗ੍ਰਾਫਿਕ ਗਲਤੀਆਂ ਨੂੰ ਸੁਧਾਰਨ ਸੰਬਧੀ ਦਸਤਾਵੇਜ਼:**

   ਜੇਕਰ ਕਿਸੇ ਵਿਦਿਆਰਥੀ ਦੇ ਪੰਜਾਬੀ ਜਾਂ ਅੰਗਰੇਜ਼ੀ ਵਿੱਚੋਂ ਇੱਕ ਭਾਸ਼ਾ ਵੇਰਵੇ ਸਹੀ ਹਨ ਤਾਂ ਇਸ ਆਧਾਰ ਤੇ ਦੂਜੀ ਭਾਸ਼ਾ ਵਿੱਚ ਸੋਧ ਕੀਤੀ ਜਾ ਸਕਦੀ ਹੈ, ਇਸ ਲਈ ਸੋਧ ਕਰਵਾਉਣ ਵਾਲਾ ਅਸਲ ਸਰਟੀਫਿਕੇਟ ,ਆਧਾਰ ਕਾਰਡ ਦੀ ਕਾਪੀ ਅਤੇ ਦਾਖਲਾ ਖਾਰਜ ਦੀ ਤਸਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ।
7. **ਪ੍ਰੀਖਿਆਰਥੀ ਦੀ ਜਨਮ ਮਿਤੀ ਵਿੱਚ ਸੋਧ ਸੰਬਧੀ ਦਸਤਾਵੇਜ਼:**

   ਜਨਮ ਸਰਟੀਫਿਕੇਟ ਦੀ ਕਾਪੀ,ਸੋਧ ਕਰਵਾਉਣ ਵਾਲਾ ਅਸਲ ਸਰਟੀਫਿਕੇਟ ਅਤੇ ਦਾਖਲਾ ਖਾਰਜ ਰਜਿਸਟਰ ਦੀ ਤਸਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ।
8. ਦਾਖਲਾ ਖਾਰਜ ਰਜਿਸਟਰ ਤੇ ਕਟਿੰਗ ਨਾਲ ਵੇਰਵਿਆਂ ਦੀ ਸੋਧ ਹੈ ਤਾਂ ਸਕੂਲ ਤੋਂ ਪੜ੍ਹੇ ਪ੍ਰੀਖਿਆਰਥੀ ਦੇ ਅਸਲ ਰਿਕਾਰਡ ਦੀ ਕਾਪੀ ਸੰਬਧਤ ਸਕੂਲ ਮੁੱਖੀ ਵੱਲੋਂ ਤਸਦੀਕ ਕੀਤੀ ਜਾਵੇਗੀ।

9. ਉਪ ਨਾਮ,ਸਰਨੇਮ ਬਦਲਣ/ਲਗਾਉਣ/ਹਟਾਉਣ ਦਾ ਬਿਨੈ ਪੱਤਰ ਪ੍ਰਾਪਤ ਹੋ ਜਾਣ ਉਪਰੰਤ ਪਹਿਲਾਂ ਜਾਰੀ ਸਰਟੀਫਿਕੇਟ ਰੱਦ ਕਰਨ ਉਪਰੰਤ ਨਵਾਂ ਸਰਟੀਫਿਕੇਟ ਉਰਫ ਨਾਲ ਜਾਰੀ ਕੀਤਾ ਜਾਵੇਗਾ। ਇਸ ਸੰਬਧੀ ਹੇਠ ਅਨੁਸਾਰ ਦਸਤਾਵੇਜ਼ ਨੱਥੀ ਕੀਤੇ ਜਾਣਗੇ:

ਪਹਿਲਾਂ ਜਾਰੀ ਕੀਤਾ ਗਿਆ ਅਸਲ ਸਰਟੀਫਿਕੇਟ,ਨਾਂ ਬਦਲੀ ਬਾਰੇ ਪਹਿਲਾ ਦਰਜਾ ਮੈਜਿਸਟ੍ਰੇਟ ਤੋਂ ਤਸਦੀਕ ਹਲਫੀਆ ਬਿਆਨ ਜਿਸ ਵਿੱਚ ਪ੍ਰੀਖਿਆਰਥੀ ਵੱਲੋਂ ਆਪਣਾ ਨਾਂ ਬਦਲ ਕੇ ਰੱਖਣ ਸੰਬਧੀ ਦਰਜ ਕੀਤਾ ਹੋਵੇ ਅਤੇ ਬਿਨੈਕਾਰ ਵੱਲੋਂ ਆਪਣਾ ਨਾਂ ਬਦਲਣ ਸੰਬਧੀ ਦੋ ਵੱਖ ਵੱਖ ਅਖਬਾਰਾਂ( ਇੱਕ ਪੰਜਾਬੀ ਤੇ ਦੂਜਾ ਅੰਗਰੇਜ਼ੀ) ਵਿੱਚ ਇਸ਼ਤਿਹਾਰ ਦੇ ਕੇ ਅਖਬਾਰਾਂ ਦੀਆਂ ਅਸਲ ਕਾਪੀਆਂ ਜਮਾਂ ਕਰਵਾਈਆਂ ਜਾਣਗੀਆਂ।

10. ਅਡਾਪਸ਼ਨ ਡੀਡ ਆਧਾਰਿਤ ਸੋਧਾਂ ਸੰਬਧੀ ਹੇਠ ਅਨੁਸਾਰ ਦਸਤਾਵੇਜ਼ ਲਗਾਏ ਜਾਣ:

- ਅਸਲ ਸਰਟੀਫਿਕੇਟ,
- ਵਿਦਿਆਰਥੀ ਦੇ ਮਾਤਾ-ਪਿਤਾ ਦਾ ਨਾਮ ਅਡਾਪਸ਼ਨ ਡੀਡ (ਹਿੰਦੂ ਅਡਾਪਸ਼ਨ ਐਂਡ ਮੈਨਟੀਨੈੱਸ ਐਕਟ 1956) ਦੇ ਆਧਾਰ ਤੇ ਦਰਜ ਕਰਦੇ ਹੋਏ ਪੰਜਵੀਂ ਜਮਾਤ ਦਾ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ।ਇਹ ਸਰਟੀਫਿਕੇਟ ਜਾਰੀ ਕਰਨ ਸਮੇਂ 'ਕੁਦਰਤੀ ਮਾਪਿਆਂ' ਦੀ ਬਜਾਏ 'ਗੋਦ ਲੈਣ ਵਾਲੇ ਮਾਪਿਆਂ' ਦਾ ਨਾਮ Training Manual For Civil Registration Functionaries in India ਵਿੱਚ ਦਰਜ ਉਪਬੰਧਾਂ/ਹਦਾਇਤਾਂ ਅਨੁਸਾਰਦਰਜ ਕੀਤਾ ਜਾ ਸਕੇਗਾ। ਅਡਾਪਸ਼ਨ ਡੀਡ ਦੀ ਅਸਲ ਕਾਪੀ ਦਿੱਤੀ ਜਾਵੇ।
- ਜਨਮ ਮਿਤੀ ਦਾ ਅਸਲ ਸਰਟੀਫਿਕੇਟ ਨੱਥੀ ਕੀਤਾ ਜਾਵੇ, ਜਿਸ ਵਿੱਚ ਅਡਾਪਟ ਕਰਨ ਵਾਲੇ ਮਾਤਾ ਪਿਤਾ ਦਾ ਨਾਮ ਦਰਜ ਹੋਵੇ (ਸੋਧ ਉਪਰੰਤ ਅਸਲ ਸਰਟੀਫਿਕੇਟ ਵਾਪਸ ਨਹੀਂ ਕੀਤਾ ਜਾਵੇਗਾ।
- ਪਿਤਾ ਜਾਂ ਮਾਤਾ ਵੱਲੋਂ ਪਹਿਲਾ ਦਰਜਾ ਮੈਜਿਸਟ੍ਰੇਟ ਵੱਲੋਂ ਤਸਦੀਕ ਹਲਫੀਆ ਬਿਆਨ।

11. ਜੇਕਰ ਕਿਸੇ ਪ੍ਰੀਖਿਆਰਥੀ ਦੇ ਟੈਕਨੀਕਲ ਨੁਕਸ ਕਾਰਨ ਪ੍ਰਮੋਟ ਦੀ ਥਾਂ ਹੈਲਡ ਉਕਰੀਆ ਹੋਵੇ ਤਾਂ ਉਸਨੂੰ ਮੈਨੂਅਲ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ।

12. ਦੂਸਰੀ ਸ਼ਾਦੀ ਉਪਰੰਤ ਮਾਪਿਆਂ ਦਾ ਨਾਂ ਬਦਲਣ ਸੰਬਧੀ ਡਾਇਵੋਰਸ ਸਰਟੀਫਿਕੇਟ ਜਾਂ ਦੂਸਰੀ ਸ਼ਾਦੀ ਦਾ ਮੈਰਿਜ ਸਰਟੀਫਿਕੇਟ ਸਮੇਤ ,ਪਿਤਾ ਜਾਂ ਮਾਤਾ ਵੱਲੋਂ ਪਹਿਲਾ ਦਰਜਾ ਮੈਜਿਸਟ੍ਰੇਟ ਵੱਲੋਂ ਤਸਦੀਕ ਹਲਫੀਆ ਬਿਆਨ ਅਤੇ ਆਧਾਰ ਕਾਰਡ ਦੀ ਕਾਪੀ।

ਨੋਟ: ਸੋਧਾਂ ਜਾਂ ਦੁਪਰਤੀ ਸਰਟੀਫਿਕੇਟਾਂ ਸੰਬਧੀ ਫਾਰਮ ਸਮੇਤ ਲੋੜੀਂਦੇ ਦਸਤਾਵੇਜ਼ ਸੰਬਧਤ ਬਲਾਕ ਦੇ ਦਫਤਰ ਬਲਾਕ ਪ੍ਰਾਇਮਰੀ ਅਫਸਰ ਨੂੰ ਜਮ੍ਹਾਂ ਕਰਵਾਏ ਜਾਣ।

ਸਹਾਇਕ ਡਾਇਰੈਕਟਰ(ਪ੍ਰੀਖਿਆਵਾਂ)
ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ.ਪੰਜਾਬ

# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ

**ਵੇਰਵਿਆਂ ਵਿੱਚ ਸੋਧਾਂ ਅਤੇ ਦੁਪਰਤੀ ਸਰਟੀਫਿਕੇਟਾਂ ਲਈ ਫਾਰਮ**

(ਜ਼ਰੂਰੀ ਹਦਾਇਤਾਂ ਅਤੇ ਸੋਧ ਲਈ ਲੋੜੀਂਦੇ ਦਸਤਾਵੇਜ਼ਾ ਦੀ ਸੂਚੀ ਨਾਲ ਨੱਥੀ)

ਤਸਦੀਕ ਸ਼ੁਦਾ
ਪਾਸਪੋਰਟ
ਸਾਈਜ਼ ਫੋਟੋ

ਸੈਸ਼ਨ

ਜਮਾਤ:

ਜਿਲ੍ਹੇ ਦਾ ਨਾਂ:

ਬਲਾਕ ਦਾ ਨਾਂ

ਸਕੂਲ ਦਾ ਨਾਂ:

ਬਣਦੀ ਸੋਧ:

ਪ੍ਰੀਖਿਆਰਥੀ ਦੇ ਵੇਰਵੇ :

| ਮੱਦ | ਪੁਰਾਣੇ ਵੇਰਵੇ | ਨਵੇਂ ਵੇਰਵੇ |
|---|---|---|
| ਪ੍ਰੀਖਿਆਰਥੀ ਦਾ ਨਾਂ | | |
| ਪਿਤਾ ਦਾ ਨਾਂ | | |
| ਮਾਤਾ ਦਾ ਨਾਂ | | |
| Candidate's Name | | |
| Father's Name | | |
| Mother's Name | | |
| Date of Birth | | |

Aadhar No.

Mobile No.

Email Address.

Candidate's Address.

ਮੈਂ ਬਿਆਨ ਕਰਦਾ/ਕਰਦੀ ਹਾਂ ਕਿ ਇਹ ਫਾਰਮ ਮੈਂ ਖੁਦ ਭਰਿਆ ਹੈ,ਜਿਸ ਵਿੱਚ ਭਰੇ ਗਏ ਸਾਰੇ ਵੇਰਵੇ ਸਹੀ ਵ ਦਰੁੱਸਤ ਹਨ ਅਤੇ ਚੈੱਕ ਲਿਸਟ/ਹਦਾਇਤਾਂ ਅਨੁਸਾਰ ਸਾਰੇ ਦਸਤਾਵੇਜ਼ ਨੱਥੀ ਹਨ।

ਪ੍ਰੀਖਿਆਰਥੀ ਦੇ ਹਸਤਾਖਰ (ਪੰਜਾਬੀ ਵਿੱਚ/ ਅੰਗਰੇਜ਼ੀ ਵਿੱਚ)

ਬਿਨੈਕਾਰ ਦੀ ਜਨਮ ਮਿਤੀ...................................... ,ਪਿਤਾ ਦਾ ਨਾਂ...................................................ਅਤੇ ਮਾਤਾ ਦਾ ਨਾਂ ........................................................... ਹੈ ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਬਿਨੈਕਾਰ ਨੂੰ ਜਾਣਦਾ/ਜਾਣਦੀ ਹਾਂ ਅਤੇ ਇਹ ਅਸਲ ਪ੍ਰੀਖਿਆਰਥੀ ਹੈ ਜਿਸਦੀ ਫੋਟੋ ਤਸਦੀਕ ਕੀਤੀ ਗਈ ਹੈ।ਬਿਨੈਕਾਰ ਨੇ ਮੇਰੇ ਸਾਹਮਣੇ ਹਦਤਾਖਰ ਕੀਤੇ ਹਨ।

ਮਿਤੀ:

ਮੋਬਾਇਲ ਨੰ

ਸਕੂਲ ਮੁਖੀ/ਗਜ਼ਟਿਡ ਅਫਸਰ(ਸਮੇਤ ਮੋਹਰ)